# ਭਸਮਾਸੁਰ ਨਾਲ ਜੱਫੀ: ਬਰਬਾਦੀ ਨੂੰ ਸੱਦਾ

ਹਿੰਦੁਸਤਾਨੀ ਪਰੰਪਰਾ ਵਿਚ ਭਸਮਾਸੁਰ ਨਾਮ ਦਾ ਇਕ ਕਿਰਦਾਰ ਆਉਂਦਾ ਹੈ। ਕਹਿੰਦੇ ਹਨ ਕਿ ਭਸਮਾਸੁਰ ਜਿਹਨੂੰ ਵੀ ਜੱਫੀ ਪਾਉਂਦਾ ਸੀ ਉਹੋ ਭਸਮ ਹੋ ਜਾਂਦਾ ਸੀ। ਇਸ ਕਰਕੇ ਹੀ ਉਹਨੂੰ ਭਸਮਾਸੁਰ ਕਿਹਾ ਜਾਂਦਾ ਸੀ। ਲਗਦਾ ਹੈ ਕਿ ਅਮਰੀਕੀ ਸਾਮਰਾਜ ਕੋਲ ਵੀ ਭਸਮਾਸੁਰ ਵਰਗੀ ਹੀ ਖ਼ੂਬੀ ਹੈ। ਇਹ ਅੱਜ ਦੇ ਜ਼ਮਾਨੇ ਦਾ ਭਸਮਾਸੁਰ ਹੈ, ਜਿਹੜਾ ਮੁਲਕ ਵੀ ਇਸਦੇ ਨੇੜੇ ਆਇਆ ਹੈ ਉਸਦਾ ਬੁਰਾ ਹਾਲ ਹੀ ਹੋਇਆ ਹੈ। ਪਿਛਲੇ ੧੦੦ ਸਾਲਾਂ ਦਾ ਦੁਨੀਆਂ ਦੇ ਲੋਕਾਂ ਦਾ ਇਹੋ ਹੀ ਤਜਰਬਾ ਹੈ। ਲਾਤੀਨੀ ਅਮਰੀਕਾ, ਵਿਅਤਨਾਮ, ਇੰਡੋਨੇਸ਼ੀਆ, ਇਰਾਕ, ਸਾਉਦੀ ਅਰਬ, ਰੂਸ ਅਤੇ ਹੋਰ ਮੁਲਕਾਂ ਦਾ ਬੇੜਾ ਗਰਕ ਅਮਰੀਕਾ ਨੇ ਜੱਫੀ ਪਾਕੇ ਹੀ ਕੀਤਾ ਹੈ। ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਅਤੇ ਉਨ੍ਹਾਂ ਦੇ ਨੁਮਾਇੰਦੇ ਆਪਣੇ ਮੁਫਾਦ ਲਈ ਇਸ ਭਸਮਾਸੁਰ ਨੂੰ ਜੱਫੀਆਂ ਪਾ ਰਹੇ ਨੇ ਪਰ ਇਕ ਗੱਲ ਭੁਲਦੇ ਹਨ ਕਿ ਇਹਦੀ ਜੱਫੀ ਚੋਂ ਸਹੀ ਸਲਾਮਤ ਨਿਕਲਣਾ ਬੜਾ ਮੁਸ਼ਕਲ ਕੰਮ ਹੈ। ੧੩ ਜਨਵਰੀ ੨੦੦੪ ਨੂੰ ਪ੍ਰਧਾਨ ਮੰਤਰੀ ਅਟਲ ਬਿਹਾਰੀ ਬਾਜਪਾਈ ਨੇ ਅਮਰੀਕਾ ਨਾਲ ਪਈ ਜੱਫੀ ਨੂੰ ਹੋਰ ਪੀਡਿਆਂ ਕਰਨ ਬਾਰੇ ਆਪਣੇ ਇਕ ਐਲਾਨ ਵਿਚ ਕਿਹਾ:

`ਨਵੰਬਰ ੨੦੦੧ ਵਿਚ ਮੈਂ ਅਮਰੀਕਾ ਦੇ ਪ੍ਰਧਾਨ ਬੁਸ਼ ਨੇ ਸਾਡੇ ਦੋਹਾਂ ਮੁਲਕਾਂ ਨੂੰ ਇਕ ਲੰਮੀ ਸਾਂਝ ਲਈ ਬਚਨਬੱਧ ਕੀਤਾ ਸੀ। ਉਸ ਵਕਤ ਤੋਂ ਹੁਣ ਤਾਂਈ ਸਾਡੇ ਦੋਹਾਂ ਮੁਲਕਾਂ ਵਿਚ ਕਈ ਪਹਿਲੂਆਂ ਤੋਂ ਆਪਸੀ ਸਹਿਯੋਗ ਸਾਰਥਕ ਤੌਰ ਤੇ ਵਧਿਆ ਹੈ। ਇਸ ਸਾਂਝ ਨੂੰ ਅਮਲ ਵਿਚ ਲਿਆਉਣ ਬਾਰੇ ਜੋ ਅਗਲੇ ਕਦਮ ਅਸੀਂ ਪੁੱਟ ਰਹੇ ਹਾਂ ਉਨ੍ਹਾਂ ਦਾ ਅੱਜ ਐਲਾਨ ਕਰ ਰਹੇ ਹਾਂ। ਅਮਰੀਕਾ ਅਤੇ ਹਿੰਦੁਸਤਾਨ ਜਿਨ੍ਹਾਂ ਤਿੰਨ ਵਿਸ਼ੇਸ਼ ਪਹਿਲੂਆਂ ਵਿਚ ਆਪਣੀ ਸਾਂਝ ਹੋਰ ਵਧਾਉਣਗੇ ਉਹ ਹਨ ਐਟਮੀ ਸ਼ਕਤੀ ਦਾ ਸਿਵਲੀਅਨ ਇਸਤੇਮਾਲ, ਸਿਵਲੀਅਨ ਪੁਲਾੜ ਪ੍ਰੋਗਰਾਮ ਅਤੇ ਉੱਚੇ ਪੱਧਰ ਦੀ ਤਕਨੌਲੌਜੀ। ਇਸਦੇ ਬਾਵਜੂਦ ਮਿਜ਼ਾਇਲ ਡਿਫੈਂਸ ਦੇ ਬਾਰੇ ਅਸੀਂ ਆਪਣੀ ਗੱਲਬਾਤ ਹੋਰ ਅੱਗੇ ਵਧਾ ਰਹੇ ਹਾਂ। ਇਨ੍ਹਾਂ ਹਲਕਿਆਂ ਵਿਚ ਸਹਿਯੋਗ ਸਾਡੇ ਦੋਹਾਂ ਮੁਲਕਾਂ ਵਿਚਕਾਰ ਦੋਸਤੀ ਅਤੇ ਕਾਰੋਬਾਰ ਦੇ ਰਿਸ਼ਤਿਆਂ ਨੂੰ ਹੋਰ ਵੀ ਪੱਕਿਆਂ ਕਰੇਗਾ ਅਤੇ ਏਸ਼ੀਆਂ ਵਿਚ ਅਤੇ ਏਸ਼ੀਆ ਤੋਂ ਬਾਹਰ ਸਥਿਰਤਾ ਨੂੰ ਹੋਰ ਵਧਾਵੇਗਾ।`

ਪ੍ਰਧਾਨ ਮੰਤਰੀ ਦਾ ਐਲਾਨ ਆਖ਼ੀਰ ਵਿਚ ਕਹਿੰਦਾ ਹੈ ਕਿ:

`ਹਿੰਦੁਸਤਾਨ ਅਤੇ ਅਮਰੀਕਾ ਦੀ ਇਸ ਸਾਂਝ ਦਾ ਸੁਪਨਾ ਜਿਹੜਾ ਮੈਂ ਅਤੇ ਅਮਰੀਕਾ ਦੇ ਪ੍ਰਧਾਨ ਬੁਸ਼ ਨੇ ਦੇਖਿਆ ਸੀ ਉਹ ਹੁਣ ਇਕ ਹਕੀਕਤ ਬਣ ਰਿਹਾ ਹੈ।`

ਪ੍ਰਧਾਨ ਮੰਤਰੀ ਦਾ ਇਹ ਐਲਾਨ, ਇਕ ਗੱਲ ਸਾਫ ਕਰਦਾ ਹੈ ਕਿ ਹੁਣ ਦੱਖਣੀ ਏਸ਼ੀਆ ਅਤੇ ਹਿੰਦੁਸਤਾਨ ਵਿਚ ਅਮਰੀਕਾ ਦੀ ਦਖਲਅੰਦਾਜ਼ੀ ਆਰਥਕ, ਸਿਆਸੀ, ਸਭਿਆਚਾਰਕ, ਫੌਜੀ ਅਤੇ ਹੋਰ ਖੇਤਰਾਂ ਵਿਚ ਹੋਰ ਵਧੇਗੀ। ਇਸਦਾ ਮਤਲਬ ਇਹ ਵੀ ਹੈ ਕਿ ਲੋਕਾਂ ਦੀ ਲੁੱਟ ਖਸੁੱਟ ਅਤੇ ਉਨ੍ਹਾਂ ਦੇ ਆਰਥਕ, ਸਿਆਸੀ, ਕੌਮੀ, ਸਮਾਜੀ ਅਤੇ ਸਭਿਆਚਾਰਕ ਹੱਕਾਂ ਨੂੰ ਦਬਾਉਣ ਲਈ ਉਨ੍ਹਾਂ ਉਤੇ ਜਬਰ ਅਤੇ ਤਸ਼ੱਦਦ ਹੋਰ ਵਧੇਗਾ ਅਤੇ ਅਮਰੀਕਾ ਸਿੱਧੇ ਤੌਰ ਤੇ ਲੋਕਾਂ ਖਿਲਾਫ ਇਨ੍ਹਾਂ ਹਮਲਿਆਂ ਵਿਚ ਹਿੱਸਾ ਲਵੇਗਾ। ਅਮਰੀਕਾ ਦੇ ਏਸ਼ੀਆ ਉਤੇ ਦੱਬੇ ਅਤੇ ਕਬਜ਼ੇ ਦੀ ਇਹ ਇਕ ਅਹਿਮ ਚਾਲ ਹੈ। ਹਿੰਦੁਸਤਾਨੀ ਹਾਕਿਮ ਜਮਾਤਾਂ ਆਪਣੇ ਸੌੜੇ ਮੁਫਾਦ ਲਈ ਅਮਰੀਕਾ ਨਾਲ ਇਹ ਗੱਠਜੋੜ ਕਰ ਰਹੀਆਂ ਹਨ ਅਤੇ ਹਿੰਦੁਸਤਾਨ ਅਤੇ ਸਾਰੇ ਹੀ ਦੱਖਣੀ ਏਸ਼ੀਆ ਦੇ ਲੋਕਾਂ ਨੂੰ ਇਕ ਬਹੁਤ ਹੀ ਵੱਡੇ ਖ਼ਤਰੇ ਵਿਚ ਧੱਕ ਰਹੀਆਂ ਹਨ। ਦੁਨੀਆਂ ਦੇ ਹੋਰਨਾਂ ਮੁਲਕਾਂ ਦਾ ਅਤੇ ਹਿੰਦੁਸਤਾਨ ਦੇ ਸਾਰੇ ਹੀ ਲੋਕਾਂ ਦਾ ਆਪਣਾ ਤਜਰਬਾ ਦਸਦਾ ਹੈ ਕਿ ਸਾਮਰਾਜ ਦੇ ਭਸਮਾਸੁਰ ਨਾਲ ਜੱਫੀਆਂ ਉਨ੍ਹਾਂ ਲਈ ਬਹੁਤ ਹੀ ਨੁਕਸਾਨਦਾਇਕ ਸਿੱਧ ਹੋਏ ਹਨ।

ਹਿੰਦੁਸਤਾਨ ਦੇ ਸਾਰੇ ਹੀ ਲੋਕਾਂ ਨੂੰ ਅਮਰੀਕੀ ਸਾਮਰਾਜ ਦੇ ਇਸ ਭਸਮਾਸੁਰ ਨਾਲ ਹਿੰਦੁਸਤਾਨੀ ਹਾਕਮ ਜਮਾਤਾਂ ਦੀਆਂ ਜੱਫੀਆਂ ਖ਼ਿਲਾਫ ਇੱਕ ਮੁੱਠ ਹੋਕੇ ਆਪਣੇ ਘੋਲ ਤੇਜ਼ ਕਰਨ ਦੀ ਲੋੜ ਹੈ। ਭਸਮਾਸੁਰ ਨਾਲ ਹਾਕਮ ਜਮਾਤਾਂ ਦੀ ਸਾਂਝ ਦਾ ਇਹ ਸੁਪਨਾਂ ਲੋਕਾਂ ਲਈ ਜਬਰ ਅਤੇ ਜ਼ੁਲਮ, ਲੁੱਟ ਖਸੁੱਟ ਅਤੇ ਜ਼ੁਲਮ ਦਾ ਭਿਆਨਕ ਦੌਰ ਹੈ। ਇਸ ਨਾਲ ਅਮਨ ਅਤੇ ਸਥਿਰਤਾ ਨਹੀਂ ਬਲਕਿ ਜੰਗ ਅਤੇ ਜ਼ੁਲਮ ਹੀ ਵਧਣਗੇ।